# ਖ਼ੁਲਾਸਾ ਖ਼ੁਤਬਾ ਜੁਮੱਾ 09.05.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

"ਮੁਹਬੱਤ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ" ਅਸੀਂ ਵਿਸ਼ੇਸ਼ ਤੌਰ'ਤੇ ਇਹ ਨਾਰਾ ਗ਼ੈਰਾਂ ਅੱਗੇ ਪੇਸ਼ ਕਰਦੇ ਹਾਂ। ਅਸੀਂ ਇਹ ਨਾਰਾ ਲਾਉਂਦੇ ਹਾਂ, ਇਸ ਗੱਲ ਦੇ ਉਤੱਰ ਵਿੱਚ ਜਾਂ ਇਸ ਗਲਤ ਫ਼ਹਿਮੀ ਨੂੰ ਕਰਨ ਲਈ ਕਿ ਅਹਮਦੀਆਂ ਮੁਸਲਿਮ ਜਮਾਤ ਜਾਂ ਇਸ ਦੇ ਲੋਕ ਦੂਜਿਆਂ ਲਈ ਕੀਨਾ ਤੇ ਸਾੜਾ ਰੱਖਦੇ ਹਨ ਜਾਂ ਗ਼ੈਰ ਮੁਸਲਿਮਾ ਦੀ ਇਸ ਗ਼ਲਤ ਫ਼ਹਿਮੀ ਨੂੰ ਦੂਰ ਕਰਨ ਲਈ ਅਸੀਂ ਇਹ ਅਵਾਜ਼ ਚੁਕੱਦੇ ਹਾਂ ਕਿ ਇਸਲਾਮ ਸਨੇਹ, ਪਿਆਰ, ਚੰਗੇ ਵਰਤਾਉ ਅਤੇ ਦੂਜਿਆਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਣ ਦੀ ਸਿੱਖਿਆ ਦਿੰਦਾ ਹੈ। ਇਸ ਲਈ ਇਹ ਗੱਲ ਹੀ ਗ਼ਲਤ ਹੈ ਕਿ ਇਸਲਾਮ ਜ਼ੁਲਮ, ਅਨਿਆਏ ਤੇ ਅਤਿਆਚਾਰ ਦਾ ਧਰਮ ਹੈ ਜਾਂ ਫਿਰ ਅਸੀਂ ਇਹ ਨਾਰਾ ਬੁਲੰਦ ਕਰਦੇ ਹਾਂ ਕਿ ਅਸੀਂ ਆਪੋ ਵਿੱਚ ਘ੍ਰਿਣਾ ਦੀਆਂ ਕੰਧਾ ਢਾਹ ਕੇ ਪ੍ਰੇਮ ਪੂਰਬਕ ਰਹਿੰਦੇ ਹਾਂ ਅਤੇ ਰਹਿਣਾ ਚਾਹੁੰਦੇ ਹਾਂ।

ਇਸ ਲਈ ਜੇਕਰ ਅਸੀਂ ਕਿਸੇ ਵੀ ਪ੍ਰਕਾਰ ਦੀ ਮਾਨਵ ਸੇਵਾ ਕਰਦੇ ਹਾਂ, ਅਸੀਂ ਇਸਲਾਮ ਦਾ ਪ੍ਰਚਾਰ ਕਰਦੇ ਹਾਂ। ਇਹ ਵੀ ਇਸੇ ਕਰਕੇ ਹੈ ਕਿ ਸਾਨੂੰ ਦੁਨੀਆ ਦੇ ਹਰ ਮਨੁੱਖ ਨਾਲ ਸਨੇਹ ਹੈ ਅਤੇ ਅਸੀਂ ਹਰ ਇਕ ਦੇ ਮੱਨੋਂ ਨਫ਼ਰਤ ਦਾ ਬੀ ਖ਼ਤਮ ਕਰਕੇ ਮੁਹਬੱਤ ਤੇ ਪਿਆਰ ਦਾ ਪੌਦੇ ਲਾਉਂਣਾ ਚਾਹੁੰਦੇ ਹਾਂ। ਇਹ ਸਭ ਕੁਝ ਕਿਉਂ ਹੈ ? ਇਸ ਲਈ ਕਿ ਸਾਨੂੰ ਸਾਡੇ ਆਕਾ ਤੇ ਸਰਦਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਇਹ ਸਿਖਾਇਆ ਹੈ। ਇਹ ਸਭ ਇਸ ਲਈ ਕਿ ਅਸੀਂ ਆਪਣੇ ਆਕਾ ਸਲਲੱਾਹੁ ਅਲੈਹਿ ਵਸਲੱਮ ਨੂੰ ਦੁਨੀਆ ਦੀ ਹਮਦਰਦੀ ਤੇ ਪ੍ਰੇਮ ਵਿੱਚ ਤੜਪਦਿਆਂ ਹੋਇਆਂ ਦੇਖਿਆ ਹੈ, ਇਸ ਤੜਪ (ਬੇਕਰਾਰੀ) ਨੂੰ ਅਲੱਾਹ ਤਆਲਾ ਨੇ ਕੁਰਆਨ ਕਰੀਮ ਵਿੱਚ ਵਰਨਣ ਕਰਕੇ ਕਿਯਾਮਤ (ਪਰਲੈ) ਤੱਕ ਆਉਂਣ ਵਾਲੇ ਮਨੁੱਖਾਂ ਲਈ, ਉਹਨਾਂ ਮਨੁੱਖਾਂ ਲਈ ਜੋ ਕੀਨੇ ਤੇ ਸਾੜੇ ਤੋਂ ਪਾਕ ਹੋਣ ਪ੍ਰਮਾਣ ਵੱਜੋਂ ਸੁਰੱਖਿਅਤ ਕਰ ਦਿੱਤਾ ਤਾਂ ਜੋ ਭਵਿਖ ਵਿੱਚ ਆਉਣ ਵਾਲੇ ਆਪ ਸਲਲੱਾਹੁ ਅਲੈਹਿ ਵਸਲੱਮ ਉਪੱਰ ਕਿੰਤੂ-ਪਰੰਤੂ ਕਰਨ ਤੋਂ ਪਹਿਲਾਂ ਉਸ ਤੜਪ (ਬੇਕਰਾਰੀ) ਉਪੱਰ ਗ਼ੌਰ ਕਰਨ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਵੱਲ ਮਨਸੂਬ ਕੀਤੇ ਜਾਣ ਵਾਲੇ ਜੋ ਮੁਸਲਮਾਨ ਅਖਵਾਉਂਦੇ ਹਨ, ਇਹਨਾਂ ਪਦਚਿੰਨ੍ਹਾ ਉਪੱਰ ਚਲੱਣ ਵਾਲੇ ਬਨਣ।

ਅਲੱਾਹ ਤਆਲਾ ਨੇ ਫ਼ਰਮਾਇਆ ਕਿ ( فلعلك باخع نفسك على اثارهم ان لم يؤمنوا بهذا الحديث اسفا ) ਫ਼ਲਾਅਲੱਾਕਾ ਬਾਖ਼ਿਉਨ ਨਫ਼ਸਾਕਾ ਅਲਾ ਆਸਾਰਿਹਿਮ ਇਨ ਲਮ ਯੁਮਿਨੂ ਬਿਹਾਜ਼ਲ ਹਦੀਸ ਆਸਾਫ਼ਾ। ਸੋ ਕੀ ਤੂੰ ਉਹਨਾਂ ਦੇ ਦੁੱਖ ਦੇ ਸਬਬ ਆਪਣੇ ਆਪ ਨੂੰ ਹਲਾਕ ਕਰ ਦੇਵੇਂਗਾ ਜੇਕਰ ਉਹ ਇਸ ਗੱਲ ਉਪੱਰ ਈਮਾਨ ਨ ਲਿਆਉਣ।

ਇਹ ਜਿੰਨ੍ਹਾ ਦਾ ਵਰਨਣ ਕੀਤਾ ਗਿਆ ਹੈ, ਉਹ ਕਿਹੜੀ ਗੱਲ ਉਪੱਰ ਇਮਾਨ ਨਹੀਂ ਲਿਆਉਂਦੇ ? ਇਸ ਗੱਲ'ਤੇ ਕਿ ਸ਼ਿਰਕ ਨ ਕਰੋ। ਜੱਦ ਉਹਨਾਂ ਨੂੰ ਕਿਹਾ ਜਾਂਦਾ ਹੈ, ਇਸ ਉਪੱਰ ਈਮਾਨ ਨਹੀਂ ਲਿਆਉਂਦੇ। ਰੱਬ ਦਾ ਪੁਤੱਰ ਨ ਬਣਾਓ। ਸ਼ਿਰਕ (ਅਨੇਕ ਈਸ਼ਵਰ ਵਾਦ) ਇਕ ਅਜਿਹਾ ਪਾਪ ਹੈ ਕਿ ਰੱਬ ਨੇ ਫ਼ਰਮਾਇਆ ਕਿ ਇਸ ਨੂੰ ਮਾਫ਼ ਨਹੀਂ ਕਰਦਾ। ਸੋ, ਇਹ ਹਮਦਰਦੀ ਤੇ ਪ੍ਰੇਮ ਹੈ, ਹਰ ਮਨੁੱਖ ਨਾਲ ਇੱਥੋਂ ਤੱਕ ਕਿ ਮੁਸ਼ਰਿਕ (ਅਨੇਕ ਈਸ਼ਵਰਵਾਦੀ) ਨਾਲ ਵੀ ਕਿ ਉਸ ਨੂੰ ਸੁਮਾਰਗ ਉਪੱਰ ਲਿਆਉਣ ਲਈ ਜਿੱਥੋਂ ਤੱਕ ਕਰਮ ਰੂਪੀ ਜਤਨ ਕੀਤਾ ਜਾਵੇ ਉੱਥੇ ਉਸ ਲਈ ਦੁਆ ਵੀ ਕੀਤੀ ਜਾਵੇ।

ਇਸ ਲਈ ਜੇਕਰ ਅਹਮਦੀਆਂ ਨੂੰ "ਮੁਹਬੱਤ ਸਾਰਿਆਂ ਲਈ" ਦਾ ਉਚਿਤ ਪ੍ਰਭਾਵ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਆਪਣੇ ਆਕਾ ਤੇ ਮਾਨਵ ਪਰਉਪਕਾਰੀ ਤੋਂ ਇਸ ਦੇ ਢੰਗ ਸਿੱਖਣੇ ਹਨ ਅਤੇ ਇਹ ਅਸੀਂ ਉਸੇ ਸਮੇਂ ਕਰ ਸਕਦੇ ਹਾਂ ਜੱਦ ਅਸੀਂ ਆਪ ਆਪਣੀ ਤੌਹੀਦ (ਇਕ ਈਸ਼ਵਰਵਾਦ) ਦੇ ਮਿਆਰ ਦਾ ਮਾਪਦੰਡ ਕਰੀਏ। ਫਿਰ ਅਸੀ ਦੇਖਦੇ ਹਾਂ ਮੁਹਬੱਤ ਤੇ ਹਮਦਰਦੀ ਦੀਆਂ ਭਾਵਨਾਵਾਂ ਦੀ ਇਕ ਹੋਰ ਉਧਾਰਣ ਕਿ ਜੱਦ ਕੌਮ ਵੱਲੋਂ ਅਥਾਹ ਜ਼ੁਲਮ ਅਤੇ ਅਨਿਆਏ ਹੁੰਦਾ ਹੈ ਤਾਂ ਤਬਾਹੀ

ਦੀਆਂ ਦੁਆਵਾਂ ਨਹੀਂ ਸਗੋਂ ਇਹ ਦੁਆ ਕਿ ਹੇ, ਅਲੱਾਹ ਮੇਰੀ ਕੌਮ ਨੂੰ ਸੁਮਾਰਗ ਬਖ਼ਸ਼ । ਇਹ ਨਹੀਂ ਜਾਣਦੇ ਕਿ ਜੋ ਕੁਝ ਮੈਂ ਕਹਿ ਰਿਹਾ ਹਾਂ ਉਹਨਾਂ ਦੇ ਲਾਭ ਲਈ ਹੈ । ਜੱਦ ਦੂਜੇ ਕਬੀਲੇ ਤੰਗ ਕਰਦੇ ਹਨ ਅਤੇ ਬਦ-ਦੁਆ ਲਈ ਕਿਹਾ ਜਾਂਦਾ ਹੈ ਤਾਂ ਵੀ ਇਕ ਮੌਕੇ ਉਪੱਰ ਆਪ ਨੇ ਇਹੋ ਅਰਜੋਈ ਕੀਤੀ । ਲੋਕ ਸਮਝੇ ਕਿ ਬਦ-ਦੁਆ ਹੋਈ ਅਤੇ ਕਬੀਲਾ ਤਬਾਹ ਹੋਇਆ । ਆਪਨੇ ਕਿਹਾ ਕਿ

ਹੇ, ਅਲੱਾਹ ਦੂਸ ਕਬੀਲੇ ਦੇ ਵਾਸੀਆਂ ਨੂੰ ਸੁਮਾਰਗ ਬਖ਼ਸ਼ । ਸੋ, ਸਨੇਹ ਕੇਵਲ ਆਪਣਿਆਂ ਲਈ, ਹਮਦਰਦੀ ਕੇਵਲ ਆਪਣਿਆਂ ਲਈ ਹੀ ਨਹੀਂ ਸਗੋਂ ਹੋਰਨਾ ਲਈ ਵੀ ਸਨੇਹ ਤੇ ਹਮਦਰਦੀ ਦੇ ਉਹੋ ਮਾਪਦੰਡ ਹਨ । ਕੇਵਲ ਅਤੇ ਕੇਵਲ ਪੀੜਾ ਹੈ ਕਿ ਤੌਹੀਦ (ਇਕ ਈਸ਼ਵਰਵਾਦ) ਦੀ ਸਥਾਪਨਾ ਹੋ ਜਾਵੇ ਤਾਂ ਜੋ ਦੁਨੀਆ ਤਬਾਹੀ ਤੋਂ ਬੱਚ ਜਾਵੇ । ਅੱਜ ਵੀ ਦੁਨੀਆ ਵਿੱਚ ਹਜ਼ਾਰਾ ਪ੍ਰਕਾਰ ਦੇ ਸ਼ਿਰਕ ਫੈਲੇ ਹੋਏ ਹਨ ਨ ਕੇਵਲ ਸ਼ਿਰਕ ਸਗੋਂ ਦੁਨੀਆ ਦਾ ਇਕ ਵੱਡਾ ਭਾਗ ਰੱਬ ਦੇ ਵਜੂਦ ਦਾ ਇਨਕਾਰੀ ਬਣ ਚੁਕਿਆ ਹੈ । ਸੋ, ਰੱਬ ਦਾ ਰਾਜ ਕਾਇਮ ਕਰਨ ਲਈ ਅਤੇ ਤੌਹੀਦ ਦੀ ਸਥਾਪਨਾ ਲਈ ਸਾਨੂੰ ਵੀ ਇਸ ਚੀਜ ਨੂੰ ਅਪਨਾਉਣ ਦੀ ਲੋੜ ਹੈ ਜਿਸਦਾ ਪਾਠ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਨਮੂਨੇ ਵੱਜੋਂ ਸਾਨੂੰ ਦਿੱਤਾ ਹੈ । ਸਾਨੂੰ ਕੇਵਲ ਇਸ ਗੱਲ'ਤੇ ਖ਼ੁਸ਼ ਨਹੀਂ ਹੋਣਾ ਚਾਹੀਦਾ ਕਿ ਇਕ ਨਾਰਾ ਅਸੀਂ ਲਾ ਲਿਆ, ਜਿਸ ਨੂੰ ਦੁਨੀਆ ਪਸੰਦ ਕਰਦੀ ਹੈ ਅਤੇ ਵੱਖ ਵੱਖ ਥਾਵਾਂ ਉਪੱਰ ਸਾਡੀ ਵਾਹ ਵਾਈ ਹੋ ਜਾਂਦੀ ਹੈ । ਸਾਨੂੰ ਹਮੇਸ਼ਾਂ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਨਾਰਾ ਇਕ ਸਾਧਨ ਹੈ ਇਸ ਦੇ ਵਿਸਥਾਰਮਈ ਮੰਤਵਾਂ ਦੀ ਪ੍ਰਾਪਤੀ ਲਈ ਜਿੰਨ੍ਹਾ ਖਾਤਰ ਮਨੁੱਖ ਦਾ ਜਨਮ ਹੋਇਆ ਹੈ । ਸਾਡੇ ਮਾਨਵ ਹਮਦਰਦੀ ਦੇ ਕੰਮ, ਪ੍ਰੇਮ ਦਾ ਪ੍ਰਚਾਰ, ਪ੍ਰਗਟਾਵਾ ਤੇ ਕਰਮ, ਅਤੇ ਨਫ਼ਰਤ ਤੋਂ ਦੂਰੀ ਤੇ ਨਫ਼ਰਤ, ਨਫ਼ਰਤ ਤੋਂ ਦੂਰੀ ਹੀ ਨਹੀਂ ਕਰਨੀ ਸਗੋਂ ਸਾਨੂੰ ਨਫ਼ਰਤ ਵੀ ਹੈ । ਰੱਬ ਦਾ ਪਿਆਰ ਪ੍ਰਾਪਤ ਕਰਨ ਲਈ, ਉਸ ਦੀ ਤੌਹੀਦ ਦੀ ਸਥਾਪਨਾ ਲਈ ਜੇਕਰ ਸਾਨੂੰ ਨਫ਼ਰਤ ਹੈ ਤਾਂ ਕਿਸੇ ਮਨੁੱਖ ਨਾਲ ਨਹੀਂ ਸਗੋਂ ਸ਼ੈਤਾਨੀ ਕਰਮਾ ਨਾਲ ਨਫ਼ਰਤ ਹੈ ਅਤੇ ਹੋਣੀ ਚਾਹੀਦੀ ਹੈ । ਇਸ ਲਈ ਸਾਨੂੰ ਚਾਹੀਦਾ ਹੈ ਕਿ ਦੁਨੀਆਂ ਦੀ ਦ੍ਰਿਸ਼ਟੀ ਵਿੱਚ ਚੰਗਾ ਬਨਣ ਲਈ ਕੇਵਲ ਨਾਰੇ ਨ ਲਾਉਣ ਜਾਂ ਇਹ ਪ੍ਰਗਟਾਵਾ ਨ ਕਰਨ ਸਗੋਂ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਵੀ ਨਾਰਾ ਲਾਉਂਣ । ਇਸ ਯੁੱਗ ਵਿੱਚ ਅਸੀਂ ਉਹ ਖ਼ੁਸ਼ ਨਸੀਬ ਹਾਂ ਜਿੰਨ੍ਹਾ ਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਖ਼ੁਦਾ ਤਆਲਾ ਦੀ ਮੁਹਬੱਤ ਪ੍ਰਾਪਤ ਕਰਨ ਲਈ ਮਾਨਵ ਹਮਦਰਦੀ ਸਨੇਹ ਦੇ ਉਸੂਲ ਅਪਨਾਉਣ ਲਈ ਚੁਣਿਆ ਹੈ ਅਤੇ ਆਪ ਜੀ ਨੇ ਸਾਨੂੰ ਓਹ ਉਸੂਲ ਸਿਖਾਏ ਤੇ ਸਿੱਖਿਆ ਦਿੱਤੀ । ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ

ਦੀਨ (ਧਰਮ) ਦੇ ਦੋ ਹੀ ਸੰਪੂਰਨ ਭਾਗ ਹਨ, ਇਕ ਰੱਬ ਨਾਲ ਸਨੇਹ ਕਰਨਾ ਅਤੇ ਇਕ ਓਸਦੀ ਮਖ਼ਲੂਕ ਨਾਲ ਐਨ੍ਹਾ ਸਨੇਹ ਕਰਨਾ ਕਿ ਉਹਨਾਂ ਦੀ ਔਕੜ ਨੂੰ ਆਪਣੀ ਔਕੜ ਸਮਝ ਲੈਣਾ ਅਤੇ ਉਹਨਾਂ ਲਈ ਦੁਆ ਕਰਨਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਕੁਝ ਸਮਾਂ ਹੋਇਆ ਮੈਨੂੰ ਅਨੁਭਵ ਹੋਇਆ ਕਿ ਮਾਨਵ ਸੇਵਾ ਲਈ ਜੋ ਸਾਡਾ ਉਦੇਸ਼ ਹੈ 'ਹਿਯੂਮੈਨਿਟੀ ਫ਼ਸਟ' ਦੇ ਨਾਂ ਨਾਲ ਇਸ ਕੰਮ ਨੂੰ ਕਰਨ ਵਾਲਿਆ ਅਤੇ ਸੰਭਵਤਾ ਪ੍ਰਬੰਧਕਾਂ ਨੂੰ ਇਹ ਖਿਆਲ ਹੋ ਗਿਆ ਹੈ ਕਿ ਆਪਣੇ ਆਪ ਨੂੰ ਧਰਮ ਤੋਂ ਉਕੱਾ ਹੀ ਅੱਡ ਕਰਨਾ ਹੈ ਅਤੇ ਜੇਕਰ ਵੱਖਰਿਆਂ ਹੋਕੇ ਸੇਵਾ ਕਰਨ ਤਾਂ ਸੰਭਵਤਾ ਦੁਨੀਆ ਵਿੱਚ ਬਹੁਤੀ ਆਓਭਗਤ ਹੋਵੇਗੀ । ਇੱਥੋਂ ਦੇ ਕੇਂਦਰੀ ਪ੍ਰਬੰਧਕਾਂ ਨੂੰ ਮੈਂ ਕਿਹਾ ਕਿ ਆਪ ਦੀ ਮਹਤੱਤਾ ਇਸ ਲਈ ਹੈ ਕਿ ਆਪ ਧਰਮ ਨਾਲ ਜੁੜੇ ਹੋਏ ਹਨ ਜਮਾਤ ਦਾ ਕਿਤੇ ਨ ਕਿਤੇ ਨਾਂ ਆਉਂਦਾ ਹੈ । ਜੇਕਰ ਕਿਤੇ ਲੋੜ ਅਨੁਸਾਰ ਜਮਾਤ ਦਾ ਨਾਂ ਵੀ ਵਰਤਨਾ ਪਵੇ ਤਾਂ ਵਰਤਨ ਵਿੱਚ ਕੋਈ ਹਰਜ ਨਹੀਂ । ਇਹ ਸੰਮੁੱਖ ਰਹੇ ਕਿ ਅਸੀਂ ਰੱਬ ਨੂੰ ਖ਼ੁਸ਼ ਕਰਨ ਲਈ ਮਾਨਵ ਸੇਵਾ ਕਰਨੀ ਹੈ । ਰੱਬ ਦਾ ਹੁਕਮ ਹੈ ਕਿ ਬੰਦਿਆਂ ਦੇ ਹੱਕ ਪੂਰੇ ਕਰੋ, ਇਸ ਲਈ ਅਸੀਂ ਮਾਨਵ ਸੇਵਾ ਕਰਨੀ ਹੈ ਅਤੇ ਰੱਬ ਨੂੰ ਖ਼ੁਸ਼ ਕਰਨ ਲਈ, ਰੱਬ ਨਾਲ ਸੰਬੰਧ ਅਤੇ ਆਪਣੀ ਇਬਾਦਤ ਦੀ ਸੁਰੱਖਿਆ ਦੀ ਵੀ ਲੋੜ ਹੈ । ਇਸ ਤੋਂ ਬਿਨਾ ਮਾਨਵ ਸੇਵਾ ਦਾ ਵੀ ਕੋਈ ਲਾਭ ਨਹੀਂ । ਉਹਨਾਂ ਨੂੰ ਤਾਂ ਇਹ ਗੱਲ ਸਮਝ ਆ ਗਈ ਪਰ ਬਾਕੀ ਦੇਸ਼ਾਂ ਵਿੱਚ ਜੋ ਹਿਯੂਮੈਨਿਟੀ ਫ਼ਸਟ ਦੀਆਂ ਸ਼ਾਖ਼ਾਵਾਂ ਹਨ ਉਹਨਾਂ ਨੇ ਸੇਵਕਾਂ ਤੇ ਪ੍ਰਬੰਧਕਾਂ ਨੂੰ ਜਿੰਨ੍ਹਾ ਵਿਚ ਲਗਭਗ ਸਾਰੇ ਅਹਮਦੀ ਹੀ ਹਨ ਸਿਵਾਏ ਕੁਝ ਇਕ ਦੇ ਇਹ

ਦਸੱਣਾ ਚਾਹੁੰਦਾ ਹਾਂ ਕਿ ਤੁਹਾਡੇ ਕੰਮਾ ਵਿੱਚ ਬਰਕਤ ਉਸੇ ਸਮੇਂ ਪਵੇਗੀ ਜੱਦ ਰੱਬ ਨਾਲ ਸੰਬੰਧ ਮਜ਼ਬੂਤ ਕਰੋਗੇ ਅਤੇ ਆਪਣੇ ਕੰਮਾ ਨੂੰ ਰੱਬ ਦੀ ਮਿਹਰ ਪ੍ਰਾਪਤ ਕਰਨ ਵਾਲਾ ਬਨਾਉਣ ਦਾ ਜਤਨ ਕਰੋਗੇ ਅਤੇ ਆਪਣੇ ਕੰਮਾ ਨੂੰ ਦੁਆਵਾਂ ਨਾਲ ਅਰੰਭ ਕਰੋਗੇ । ਇਸ ਤੋਂ ਬਿਨਾ ਸਾਡੇ ਕਿਸੇ ਕੰਮ ਵਿੱਚ ਬਰਕਤ ਪੈ ਨਹੀਂ ਸਕਦੀ ਭਾਵੇਂ ਆਪਣੀ ਅਕਲ ਤੋਂ ਮਨਸੂਬੇ ਬਣਾਉਂਦਾ ਰਹੇ ।

ਕਿਉਂਕਿ ਇਸ ਸੰਬੰਧ ਵਿੱਚ ਗੱਲ ਕਰਨੀ ਜ਼ਰੂਰੀ ਸੀ, ਇਸ ਲਈ ਮੈਂ ਸੋਚ ਰਿਹਾ ਸੀ ਕਿ ਇਸ ਬਾਰੇ ਗੱਲ ਕਰਾਂ, ਕਿਉਂਕਿ ਇਹ ਇਕ ਲਾਜ਼ਮੀ ਵਿਸ਼ਾ ਹੈ ।

ਹੁਣ ਮੈਂ "ਮੁਹਬੱਤ ਸਾਰਿਆਂ ਲਈ" ਦੇ ਨਾਰੇ ਵੱਲ ਆਉਂਦਾ ਹਾਂ, ਜੋ ਗੱਲ ਮੈਂ ਕਹਿ ਰਿਹਾ ਸੀ । ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਭਾਵੇਂ ਮਾਨਵ ਸੇਵਾ ਤੇ ਹਮਦਰਦੀ ਮੁਹਬੱਤ ਫੈਲਾਉਂਣ ਤੇ ਦੁਸ਼ਮਣੀਆਂ ਖ਼ਤਮ ਕਰਨ ਦੀ ਨੇਕੀ ਤੇ ਬਹੁਤ ਵੱਡਾ ਭਲਾ ਕੰਮ ਹੈ ਪਰ ਕੇਵਲ ਇਹੋ ਨਹੀਂ ਸਮਝਣਾ ਚਾਹੀਦਾ ਕਿ ਇਹ ਨਾਰਾ ਸਾਡੇ ਜੀਵਨ ਦਾ ਉਦੇਸ਼ ਹੈ । ਜੇਕਰ ਸਾਨੂੰ ਇਹ ਵਿਚਾਰ ਆ ਜਾਵੇ, ਜੇਕਰ ਅਸੀਂ ਇਹ ਕਰ ਲਿਆ ਜਿਵੇਂ ਕਿ ਮੈਂ ਪਹਿਲਾਂ ਵੀ ਦੱਸ ਚੁੱਕਿਆਂ ਹਾਂ ਕਿ ਇਹ ਨਾਰਾ ਇਸ ਉਦੇਸ਼ ਦਾ ਇਕ ਭਾਗ ਹੈ, ਇਸ ਉਦੇਸ਼ ਵੱਲ ਵੱਧਣ ਦਾ ਇਕ ਕਦਮ ਹੈ ਜਿਸਨੂੰ ਪ੍ਰਾਪਤ ਕਰਨ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਪ੍ਰਗਟ ਹੋਏ ਸਨ ਅਤੇ ਆਪਜੀ ਦੀ ਅਧੀਨਗੀ ਵਿੱਚ ਇਸ ਯੁੱਗ ਵਿੱਚ ਇਸ ਉਦੇਸ਼ ਦੀ ਪ੍ਰਪਤੀ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਅਲੱਾਹ ਤਆਲਾ ਨੇ ਭੇਜਿਆ ਹੈ ਅਤੇ ਉਹ ਮੰਤਵ ਹੈ । ਰੱਬ ਦੀ ਵਾਹਦਾਨੀਯਤ (ਇਕ ਈਸ਼ਵਰਵਾਦ) ਦਾ ਉਚਿਤ ਬੋਧ ਪੈਦਾ ਕਰਨਾ । ਰੱਬ ਦੇ ਦੱਸੇ ਹੋਏ ਸਾਰੇ ਹੁਕਮਾ ਉਪੱਰ ਚਲੱਣ ਦਾ ਜਤਨ ਕਰਨਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸੱਲਮ ਦੇ ਪਦਚਿੰਨ੍ਹਾ ਨੂੰ ਆਪਣਾ ਟੀਚਾ ਤੇ ਉਦੇਸ਼ ਬਨਾਉਂਣਾ ਅਤੇ ਉਸ ਦੀ ਪ੍ਰਾਪਤੀ ਲਈ ਭਰਪੂਰ ਜਤਨ ਕਰਨਾ ਕਿਉਂਕਿ ਇਹੋ ਚੀਜ ਹੈ ਜਿਸ ਨਾਲ ਹਰ ਪ੍ਰਕਾਰ ਦੇ ਉੱਚ ਆਚਰਣ ਨੇਕੀਆਂ ਦੀ ਪ੍ਰਾਪਤੀ ਨੂੰ ਸੰਭਵ ਬਣਾਇਤਆ ਜਾ ਸਕਦਾ ਹੈ ।

ਫ਼ਰਮਾਇਆ ਕੋਈ ਵੀ ਚੰਗਾ ਮਾਟੋ ਆਪਣੇ ਲਈ ਨਿਧਾਰਤ ਕਰੇ ਉਹ ਉਸ ਲਈ ਨੇਕੀ ਹੈ । ਆਪ ਨੇ ਇਹ ਸਪਸ਼ਟ ਕੀਤਾ ਕਿ ਕਈ ਮਾਟੋ ਅਜਿਹੇ ਹੁੰਦੇ ਹਨ ਜੋ ਆਪੋ ਵਿੱਚ ਮੇਲ ਖਾਂਦੇ ਹਨ ਜਿਵੇਂ ਇਹ ਕਿ ਰੱਬ ਦੀ ਅਗਿਆਕਾਰੀ ਕਰੋ ਅਤੇ ਇਹ ਮਾਟੋ ਕਿ ਨੇਕੀਆਂ ਵਿੱਚ ਤਰੱਕੀ ਕਰੋ ਆਪੋ ਵਿੱਚ ਰੱਲਦੇ ਮਿਲਦੇ ਹਨ ਕਿਉਂਕਿ ਰੱਬ ਦੀ ਆਗਿਆਕਾਰੀ ਤੋਂ ਬਿਨਾ ਨੇਕੀਆਂ ਦੀ ਪ੍ਰਾਪਤੀ ਅਸੰਭਵ ਹੈ ਅਤੇ ਇਸੇ ਪ੍ਰਕਾਰ ਜੋ ਨੇਕ ਨਹੀਂ ਉਹ ਰੱਬ ਦਾ ਆਗਿਆਕਾਰੀ ਨਹੀਂ ਹੋ ਸਕਦਾ । ਇਸੇ ਪ੍ਰਕਾਰ ਇਹ ਮਾਟੋ ਕਿ ਮੈਂ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਕ ਰੱਖਾਂਗਾਂ ਅਤੇ ਇਹ ਕਿ ਨੇਕੀਆਂ ਵਿੱਚ ਪ੍ਰਾਥਮਕਤਾ ਲੈ ਜਾਣ ਦਾ ਜਤਨ ਕਰਾਂਗਾਂ, ਦੋਵੇਂ ਆਪੋ ਵਿੱਚ ਰੱਲਦੇ ਮਿਲਦੇ ਹਨ । ਦੋਵੇਂ ਇਕ ਦੂਜੇ ਵਿੱਚ ਆ ਜਾਂਦੇ ਹਨ । ਸੋ, ਸਾਰੀਆਂ ਨੇਕੀਆਂ ਹੀ ਚੰਗੀਆਂ ਹਨ ਅਤੇ ਸਾਨੂੰ ਉਹਨਾਂ ਨੂੰ ਅਪਨਾਉਣ ਦਾ ਜਤਨ ਕਰਨਾ ਚਾਹੀਦਾ ਹੈ । ਪਰ ਜੱਦ ਮਾਟੋ ਬਾਰੇ ਪ੍ਰਸ਼ਨ ਉਠਦੇ ਹਨ ਤਾਂ ਫਿਰ ਇਸ ਪਾਸੇ ਧਿਆਨ ਰਹਿਕੇ ਇਸੇ ਪਾਸੇ ਆਪਣਾ ਧਿਆਨ ਸੀਮਤ ਕਰਕੇ ਕੁਝ ਲੋਕ ਉਕੱਾ ਹੀ ਸੀਮਤ ਕਰ ਦਿੰਦੇ ਹਨ । ਆਪਣੀਆਂ ਨੇਕੀਆਂ ਨੂੰ ਜਾਂ ਉਸੇ ਨੂੰ ਸਭ ਕੁਝ ਸਮਝਣ ਲੱਗ ਜਾਂਦੇ ਹਨ । ਜਿਵੇਂ ਸਾਡੇ ਨੌਜੁਆਨਾਂ ਵਿੱਚ ਜਾਂ ਕੁਝ ਹੋਰ ਲੋਕਾਂ ਵਿੱਚ ਵੀ ਕੇਵਲ ਆਪਣੀ ਧਾਰਮਕ ਅਵਸਥਾ ਤਾਂ ਭੁੱਲ ਗਏ ਹਨ ਪਰ ਦੁਨੀਆ ਦੇ ਦਿਖਾਵੇ ਲਈ 'ਮੁਹਬੱਤ ਸਾਰਿਆਂ ਲਈ, ਨਫ਼ਰਤ ਕਿਸੇ ਤੋਂ ਨਹੀਂ' ਦਾ ਨਾਰਾ ਬਹੁਤ ਅਧਿਕ ਲਾਉਂਣ ਲੱਗ ਪਏ ਹਨ । ਠੀਕ ਹੈ ਜੇਕਰ ਇਸਲਾਮ ਦੀ ਸਿੱਖਿਆ ਦਾ ਪ੍ਰਚਾਰ ਕਰਨਾ ਹੈ, ਨੇਕ ਨੀਤੀ ਹੈ ਤਾਂ ਇਹ ਨਾਰਾ ਬਹੁਤ ਚੰਗਾ ਹੈ ਪਰ ਸਾਡਾ ਕੇਵਲ ਇਹੋ ਉਦੇਸ਼ ਨਹੀਂ । ਜਿਵੇਂ ਕਿ ਮੈਂ ਕਿਹਾ ਸਾਡੇ ਉਦੇਸ਼ ਬਹੁਤ ਮਹਾਨ ਹਨ । ਇਸੇ ਪ੍ਰਕਾਰ ਜੇਕਰ ਮਖ਼ਲੂਕ ਦੀ ਸੇਵਾ ਕਰਨੀ ਹੈ ਤਾਂ ਕੇਵਲ ਮਖ਼ਲੂਕ ਨਾਲ ਹਮਦਰਦੀ ਹੀ ਕੋਈ ਚੀਜ ਨਹੀਂ ਹੈ । ਜੇਕਰ ਅਲੱਾਹ ਦੀ ਯਾਦ ਮਨਾਂ ਵਿੱਚੋਂ ਗ਼ਾਇਬ ਹੋ ਰਹੀ ਹੈ ਤਾਂ ਫਿਰ ਉਸ ਦਾ ਵੀ ਕੋਈ ਲਾਭ ਨਹੀਂ ।

ਹਜ਼ਰਤ ਮੁਸਲਿਹ ਮਊਦ ਨੇ ਲਿੱਖਿਆ ਹੈ ਕਿ ਮੈਂ ਜੱਦ ਇਹ ਲੇਖ ਪੜ੍ਹੇ ਤਾਂ ਮੈਂਨੂੰ ਇਕ ਯਹੂਦੀ ਦਾ ਕਿਸੱਾ ਚੇਤੇ ਆ ਗਿਆ ਕਿ ਜੱਦ ਉਸ ਨੇ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨਾਲ ਗੱਲ ਕਰਦਿਆਂ ਹੋਇਆਂ ਗੱਲਾਂ ਵਿਚਕਾਰ ਕਿਹਾ ਕਿ ਸਾਨੂੰ

ਤੁਹਾਡੇ ਤੋਂ ਅਰਥਾਤ ਮੁਸਲਮਾਨਾਂ ਤੋਂ ਬਹੁਤ ਅਧਿਕ ਈਰਖਾ ਹੁੰਦੀ ਹੈ । ਹਜ਼ਰਤ ਉਮਰ ਨੇ ਪੁੱਛਿਆ ਕਿ ਇਸ ਈਰਖਾ ਦਾ ਕੀ ਕਾਰਣ ਹੈ, ਕਿਸ ਲਈ ਹੁੰਦੀ ਹੈ । ਯਹੂਦੀ ਕਹਿਣ ਲੱਗਾ ਕਿ ਇਸ ਗੱਲ ਦੀ ਈਰਖਾ ਹੈ ਕਿ ਇਸਲਾਮ ਵਿੱਚ ਇਕ ਵਿਸ਼ੇਸ਼ ਖ਼ੂਬੀ ਹੈ ਕਿ ਦੁਨੀਆ ਦੀ ਕੋਈ ਗੱਲ ਅਜਿਹੀ ਨਹੀਂ ਜੋ ਇਸਲਾਮ ਦੇ ਹੁਕਮਾ ਵਿੱਚ ਮੌਜੂਦ ਨ ਹੋਵੇ, ਕੁਰਆਨ ਕਰੀਮ ਵਿੱਚ ਮੌਜੂਦ ਨ ਹੋਵੇ । ਵਿਅਕਤੀਗਤ ਗੁਣਾ ਤੋਂ ਲੈਕੇ ਅੰਤਰ ਰਾਸ਼ਟਰੀ ਗੁਣਾ ਤੱਕ ਸਾਰੇ ਆਦੇਸ਼ ਤੇ ਮਸਲੇ ਅਤੇ ਉਹਨਾਂ ਦਾ ਹਲ ਇਸ ਵਿੱਚ ਮੌਜੂਦ ਹੈ । ਇਹ ਅਜਿਹੀ ਚੀਜ ਹੈ ਜੋ ਸਾਡੇ ਵਿੱਚ ਈਰਖਾ ਪੈਦਾ ਕਰਦੀ ਹੈ ।

ਇਸ ਲਈ ਜੇਕਰ ਸਾਡੇ ਵਿੱਚੋਂ ਹਰ ਕੋਈ ਇਸ ਗੱਲ ਨੂੰ ਸਾਹਣੇ ਰੱਖੇ ਤਾਂ ਮਲੂਮ ਹੁੰਦਾ ਹੈ ਕਿ ਕਿ ਇਸਲਾਮ ਦੀ ਕਿਸੇ ਇਕ ਗੱਲ ਨੂੰ ਮਾਟੋ ਵੱਜੋਂ ਚੋਣ ਕਰਨੀ ਠੀਕ ਨਹੀਂ, ਸੋ,ਭਾਵੇਂ ਭਲਾਈ ਲਈ ਇਕ ਚੰਗਾ ਮਾਟੋ ਹੈ । ਇਸੇ ਪ੍ਰਕਾਰ ਮੈਂ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਕ ਰੱਖਾਂਗਾਂ ਵੀ ਇਕ ਚੰਗਾ ਮਾਟੋ ਹੈ, ਕੁਰਆਨ ਕਰੀਮ ਵਿੱਚ ਵੀ ਇਸੇ ਵੱਲ ਸੰਕੇਤ ਕੀਤਾ ਗਿਆ ਹੈ ਜਿਵੇਂ ਕਿ ਆਇਤ "ਬਲ ਤੂ-ਸੂਰੂਨਲ ਹਯਾਤੁੱਦੁਨੀਆ ਵਲ ਆਖ਼ਿਰਾਤਿ ਖ਼ੈਰੁੰ ਅਬਕਾ (بل تؤثرون الحیوۃ الدنیا والاخرۃ خیر و ابقی)

ਅਰਥਾਤ ਨਾਦਾਨ ਲੋਕ ਦੁਨੀਆ ਨੂੰ ਧਰਮ ਉਪੱਰ ਪ੍ਰਾਥਮਕਤਾ ਦਿੰਦੇ ਹਨ ਜੱਦ ਕਿ ਆਖ਼ਰਤ (ਪਰਲੈ) ਅਰਥਾਤ ਧਾਰਮਕ ਜੀਵਨ ਦਾ ਸਿੱਟਾ ਦੁਨੀਆਵੀ ਜੀਵਨ ਤੋਂ ਉਚੱਤਮ ਤੇ ਦੇਰ ਤੱਕ ਰਹਿਣ ਵਾਲਾ ਹੈ । ਅਧਿਕਤਰ ਅਸੀਂ ਜੁੱਮੇ'ਤੇ ਇਹੋ ਆਇਤ ਪੜ੍ਹਦੇ ਹਾਂ । ਸੂਰਤ ਵਿੱਚ ਅਤੇ ਇਸ ਤੋਂ ਬਿਨਾਂ ਵੀ ਅਸੰਖ ਸਿੱਖਿਆਵਾਂ ਕੁਰਆਨ ਕਰੀਮ ਨੇ ਦਿੱਤੀਆਂ ਹਨ ।

ਇਸ ਲਈ ਕੁਰਆਨ ਕਰੀਮ ਦੀ ਉਹ ਕਿਹੜੀ ਸਿੱਖਿਆ ਹੈ ਜੋ ਮਾਟੋ ਨ ਬਣ ਸਕੇ, ਜੋ ਟੀਚਾ ਨ ਬਣ ਸਕੇ । ਜਿਸ ਉਪੱਰ ਵੀ ਨਜ਼ਰ ਮਾਰੀਏ ਅਤੇ ਗ਼ੌਰ ਕਰੀਏ ਤਾਂ ਉਹ ਮਨ ਨੂੰ ਆਪਣੇ ਵੱਲ ਖਿੱਚਦਾ ਹੈ । ਇਸ ਭੂਮਿਕਾ ਮਗਰੋਂ ਫਿਰ ਇਹ ਦੱਸਿਆ ਕਿ ਕੁਰਆਨ ਕਰੀਮ ਤੋਂ ਪਤਾ ਲਗਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰਗਟ ਹੋਣ ਦਾ ਉਦੇਸ਼ ਤੇ ਜੋ ਸਮਾਂ ਸੀ ਉਹ ਚਾਰੇ ਪਾਸੇ ਫਸਾਦ ਤੇ ਲੜਾਈ ਝਗੜੇ ਫੈਲੇ ਹੋਏ ਸਨ, ਕੋਈ ਖ਼ਰਾਬੀ ਨਹੀਂ ਸੀ ਜੋ ਇਸ ਯੁੱਗ ਵਿੱਚ ਨ ਪੈਦਾ ਹੋਈ ਹੋਵੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰਤੀਬਿੰਬ ਹਨ ਇਸ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਯੁੱਗ ਵੀ ਇਸ ਯੁੱਗ ਦਾ ਪ੍ਰਤੀਬਿੰਬ ਹੈ । ਅਸੀਂ ਦੇਖਦੇ ਹਾਂ ਕਿ ਅੱਜ ਵੀ ਹਰ ਪ੍ਰਕਾਰ ਦੀ ਖ਼ਰਾਬੀ ਆਪਣੇ ਹੱਦ ਨੂੰ ਪਹੁੰਚੀ ਹੋਈ ਹੈ । ਇਸ ਲਈ ਅੱਜ ਧਰਮ ਦੀ ਵੀ ਲੋੜ ਹੈ । ਹਰ ਪ੍ਰਕਾਰ ਦੇ ਆਚਰਣ ਦੀ ਵੀ ਲੋੜ ਹੈ । ਦੁਨੀਆ ਦੀ ਹਰ ਖ਼ੂਬੀ ਤੇ ਤਰੱਕੀ ਦੀ ਵੀ ਲੋੜ ਹੈ ਜਿੱਥੇ ਲੋਕਾਂ ਦੇ ਮਨਾਂ ਵਿੱਚੋਂ ਈਮਾਨ ਤੇ ਵਿਸ਼ਵਾਸ ਉਠ ਗਿਆ ਹੈ ਉੱਥੇ ਉੱਚੇ ਆਚਰਣ ਵੀ ਉੱਡ ਗਏ ਹਨ ਅਤੇ ਵਾਸਤਵਿਕ ਸੰਸਾਰਕ ਪ੍ਰਗਤੀ ਵੀ ਮਿੱਟ ਗਈ ਹੈ ਕਿਉਂਕਿ ਇਸ ਸਮੇਂ ਜਿਸ ਨੂੰ ਲੋਕ ਤਰੱਕੀ ਕਹਿੰਦੇ ਹਨ ਉਹ ਸਵਾਰਥ ਦਾ ਇਕ ਪ੍ਰਦਰਸ਼ਨ ਹੈ ਭਾਵੇਂ ਉਹ ਵਿਅਤੀਗੱਤ ਰੂਪ ਵਿੱਚ ਹੋਵੇ ਜਾਂ ਭਾਵੇਂ ਉਹ ਵਿਸ਼ਵ ਵਿਆਪੀ ਪਧੱਰ'ਤੇ ਹੋਵੇ । ਕਿਉਂਕਿ ਇਸ ਸਮੇਂ ਜਿਸ ਨੂੰ ਲੋਕ ਤਰੱਕੀ ਕਹਿੰਦੇ ਹਨ ਉਹ ਕੇਵਲ ਆਪਣੇ ਜ਼ਾਤੀ ਹੈ ਲਾਭ ਲਈ ਹੈ । ਦੁਨੀਆ ਦੀ ਤਰੱਕੀ ਨਹੀਂ ਅਖਵਾ ਸਕਦੀ । ਕਿਉਂਕਿ ਇਸ ਤੋਂ ਦੁਨੀਆ ਦਾ ਕੇਵਲ ਇਕ ਭਾਗ ਲਾਭ ਉਠਾ ਰਿਹਾ ਹੈ ਅਤੇ ਦੂਜੇ ਨੂੰ ਗ਼ੁਲਾਮ ਬਣਾਇਆ ਜਾ ਰਿਹਾ ਹੈ, ਉਹ ਰਾਜਨੀਤਿਕ ਗ਼ੁਲਾਮੀ ਹੋਵੇ ਜਾਂ ਸਮਾਜਕ ਜਾਂ ਆਰਥਕ ਗ਼ੁਲਾਮੀ ਹੋਵੇ । ਕਿਸੇ ਨ ਕਿਸੇ ਅਵਸਥਾ ਵਿੱਚ ਇਕ ਭਾਗ ਗ਼ੁਲਾਮ ਬਣ ਰਿਹਾ ਹੈ ਅਤੇ ਇਹ ਉਹਨਾਂ ਲਈ ਤੱਰਕੀ ਨਹੀਂ ਹੈ ਅਤੇ ਜੋ ਤਰੱਕੀ ਕਰ ਰਹੇ ਹਨ ਉਹਨਾਂ ਦੇ ਵੀ ਆਪਣੇ ਲਾਭ ਹਨ ਸਵਾਰਥ ਹਨ ਜਿਸ ਨੂੰ ਉਹ ਤਰੱਕੀ ਦਾ ਨਾਂ ਦਿੰਦੇ ਹਨ ।

ਇਸ ਲਈ ਅਜਿਹੇ ਸਮੇਂ ਇਹ ਆਖਣਾ ਕਿ ਫ਼ਲਾਣੀ ਆਇਤ ਨੂੰ ਟੀਚਾ ਬਣਾਓ ਅਤੇ ਫ਼ਲਾਣੀ ਆਇਤ ਨੂੰ ਛੱਡ ਦਿਓ ਇਹ ਗ਼ਲਤ ਹੈ, ਸਗੋਂ ਕੁਰਆਨ ਕਰੀਮ ਦੀ ਹਰ ਆਇਤ ਹੀ ਸਾਡੇ ਲਈ ਟੀਚਾ ਤੇ ਉਦੇਸ਼ ਹੈ ਅਤੇ ਹੋਣਾ ਵੀ ਚਾਹੀਦਾ ਹੈ । ਇਲ ਲਈ ਸਾਡਾ ਮਾਟੋ ਤਾਂ ਸਾਰੇ ਦਾ ਸਾਰਾ ਕੁਰਆਨ ਕਰੀਮ ਹੀ ਹੈ, ਪਰ ਜੇਕਰ ਕਿਸੇ ਦੂਜੇ ਮਾਟੋ ਦੀ ਲੋੜ ਹੈ, ਹਜ਼ਰਤ ਮੁਸਲਿਹ ਮਊਦ ਨੇ ਫ਼ਰਮਾਇਆ, ਕਿ ਉਹ ਵੀ ਅਲੱਾਹ ਤਆਲਾ ਨੇ ਹਜ਼ਰਤ ਮੁਹਮੱਦ ਸਲੱਾਹੁ ਅਲੈਹਿ ਵਸਲੱਮ ਰਾਹੀਂ

ਨਿਧਾਰਤ ਕਰ ਦਿੱਤਾ ਅਤੇ ਉਹ ਹੈ 'ਲਾ ਇਲਾਹਾ ਇਲੱਲੱਾਹੁ ਮੁਹਮੱਦਰ ਰਸੂਲਲੱਾਹਿ' (لاالہ الااللہ محمد الرسول اللہ) ਅਤੇ ਇਹ ਸਾਰੇ ਕੁਰਆਨ ਕਰੀਮ ਦਾ ਸਾਰ ਹੈ ਸਚੱਾਈ ਵੀ ਇਹੋ ਹੈ ਕਿ ਹੈ ਕਿ ਸਾਰੀਆਂ ਸਿੱਖਿਆਵਾਂ ਅਤੇ ਸਾਰੇ ਮਹਾਨ ਉਦੇਸ਼ ਤੌਹੀਦ ਨਾਲ ਹੀ ਸੰਬੰਧ ਰੱਖਦੇ ਹਨ । ਇਸ ਪ੍ਰਕਾਰ ਬੰਦਿਆਂ ਦੇ ਆਪੋ ਵਿੱਚ ਦੇ ਸੰਬੰਧ ਅਤੇ ਬੰਦੇ ਅਤੇ ਰੱਬ ਵਿੱਚ ਦੇ ਸੰਬੰਧ, ਇਹ ਵੀ ਤੌਹੀਦ ਵਿੱਚ ਆ ਜਾਂਦੇ ਹਨ ।

ਇਸੇ ਪ੍ਰਕਾਰ ਹੋਰ ਵੀ ਅਨੇਕਾਂ ਹੀ ਗੱਲਾਂ ਹਨ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਵਿੱਚ ਲੀਨ ਹੋਕੇ ਆਪ ਰਾਹੀਂ ਨੂਰ ਲੈਕੇ ਸਾਨੂੰ ਦੱਸਿਆ ਅਤੇ ਸ਼ਿਰਕ ਨੂੰ ਸਾਡੇ ਤੋਂ ਦੂਰ ਕੀਤਾ । ਹਜ਼ਰਤ ਮਸੀਹ ਮਊਦ ਅਲੈਤਿਹ ਸਲਾਮ ਨੇ ਹੀ ਇਸ ਯੁੱਗ ਦੇ ਲੋਕਾਂ ਨੂੰ 'ਲਾ ਇਲਾਹਾ ਇਲਲੱਾਹੁ' ਦਾ ਜਲਵਾ ਦਿਖਾਇਆ ਅਤੇ ਇਹੋ ਇਕ ਚੀਜ਼ ਹੈ ਜੋ ਇਸਲਾਮ ਦਾ ਸਾਰ ਹੈ ਜਿਸ ਦਾ ਹਰ ਇਕ ਪੂਰਨ ਇਕ ਈਸ਼ਵਰਵਾਦੀ ਵਿੱਚ ਪਾਇਆ ਜਾਣਾ ਜ਼ਰੂਰੀ ਹੈ ਬਾਕੀ ਤਾਂ ਸਾਰੇ ਵਿਸਥਾਰ ਹਨ ਜੋ ਵੱਖ ਵੱਖ ਮਨੁੱਖਾਂ ਲਈ ਭਿੰਨ ਭਿੰਨ ਰੂਪਾਂ ਵਿੱਚ ਬਦਲਦਾ ਰਹਿੰਦਾ ਹੈ । ਜਿਵੇਂ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਕਿਸੇ ਨੂੰ ਵੱਡੀ ਨੇਕੀ ਮਾਂਪਿਆਂ ਦੀ ਸੇਵਾ ਦੱਸਿਆ, ਕਿਸੇ ਨੂੰ ਵੱਡੀ ਨੇਕੀ ਰੱਬ ਦੇ ਮਾਰਗ ਲਈ ਸੰਘਰਸ਼ ਦੱਸਿਆ, ਕਿਸੇ ਨੂੰ ਤਹੱਜੁਦ (ਸਰਘੀ ਤੋਂ ਪਹਿਲੇ ਸਮੇਂ ਦੀ ਨਮਾਜ਼) ਦੀ ਆਦਾਇਗੀ ਦੱਸਿਆ । ਸੋ, ਹਰ ਇਕ ਨੂੰ ਉਸ ਦੀ ਮੁਢੱਲੀ ਕਮਜ਼ੋਰੀ ਦੂਰ ਕਰਨ ਲਈ ਧਿਆਨ ਦੁਆਇਆ, ਪਰ ਇਸ ਦਾ ਇਹ ਅਰਥ ਨਹੀਂ ਕਿ ਬਾਕੀ ਨੇਕੀਆਂ (ਭਲਾਈਆਂ) ਕਰਨ ਦੀ ਲੋੜ ਨਹੀਂ ।

ਸੋ, ਚੇਤੇ ਰੱਖਣਾ ਚਾਹੀਦਾ ਹੈ ਕਿ ਕੁਰਆਨ ਕਰੀਮ ਦੇ ਸਾਰੇ ਆਦੇਸ਼ ਆਪਣੀ ਆਪਣੀ ਥਾਂ ਬਹੁਤ ਹੀ ਉਚਿਤ ਤੇ ਲਾਭਦਾਇਕ ਹਨ, ਪਰ 'ਲਾਇਲਾਹਾ ਇਲਲੱਾਹੁ' (لاالہ الااللہ) ਸਾਰਿਆਂ ਉਪੱਰ ਭਾਰੀ ਹੈ । ਇਸ ਲਈ ਇਹ ਅਸਲ ਮਾਟੋ ਹੈ ਜਿਸ ਨੂੰ ਸਾਨੂੰ ਹਰ ਸਮੇਂ ਸਾਹਮਣੇ ਰੱਖਣ ਦੀ ਲੋੜ ਹੈ । ਤੌਹੀਦ ਦੀ ਵਾਸਤਵਿਕਤਾ ਅਤੇ ਉਸ ਦੀ ਸਥਾਪਨਾ ਉਪੱਰ ਵਿਚਾਰ ਕਰਨ ਦੀ ਲੋੜ ਹੈ । ਤੌਹੀਦ (ਇਕ ਈਸ਼ਵਰਵਾਦ) ਕੇਵਲ ਇਸ ਗੱਲ ਦਾ ਨਾਂ ਨਹੀਂ ਕਿ ਮਨੁੱਖ ਬੁੱਤ ਪਰਸਤੀ ਨ ਕਰੇ ਜਾਂ ਕਿਸੇ ਮਨੁੱਖ ਨੂੰ ਰੱਬ ਦੇ ਟਾਕਰੇ'ਤੇ ਜੀਉਂਦਾ ਨ ਮੰਨੇ ਜਾਂ ਕਿਸੇ ਨੂੰ ਰੱਬ ਦਾ ਸ਼ਰੀਕ ਨ ਬਣਾਏ, ਸਗੋਂ ਦੁਨੀਆ ਦੇ ਹਰ ਇਕ ਕੰਮ ਵਿੱਚ ਤੌਹੀਦ ਦਾ ਸੰਬੰਧ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਆਪਣੇ ਸੌਣ ਦੇ ਸਮੇਂ ਤੇ ਵੁਜ਼ੂ ਦੇ ਸਮੇਂ ਵੀ ਤੌਹੀਦ ਦਾ ਇਕਰਾਰ ਫ਼ਰਮਾਇਆ ਕਰਦੇ ਸਨ । ਜੱਦ ਕਦੇ ਵੀ ਮਨੁੱਖ ਨੂੰ ਦੁਨੀਆ ਦੇ ਕਿਸੇ ਕੰਮ ਉਪੱਰ ਭਰੋਸਾ ਜਾਂ ਨਿਰਭਰਤਾ ਹੋ ਗਈ ਤਾਂ ਉਹ ਮਨੁੱਖ ਸ਼ਿਰਕ ਦੇ ਅਸਥਾਨ ਉਪੱਰ ਜਾ ਠਹਿਰਦਾ ਹੈ ਅਤੇ ਉਸ ਦਾ ਇਕ ਈਸ਼ਵਰਵਾਦੀ ਹੋਣ ਦੇ ਦਾਵਾ ਝੂਠਾ ਹੋ ਜਾਂਦਾ ਹੈ ਕਿਉਂਕਿ ਤੌਹੀਦ ਦੀ ਲਾਜ਼ਮੀ ਸ਼ਰਤ ਹੈ ਕਿ ਮਨੁੱਖ ਕੇਵਲ ਰੱਬ ਦੇ ਵਜੂਦ ਉਪੱਰ ਹੀ ਟਿੱਕਿਆ ਰਹੇ ਅਤੇ ਭਰੋਸਾ ਰੱਖੇ । ਤੌਹੀਦ ਦਾ ਅਰਥ ਹੀ ਇਹ ਹੈ ਕਿ ਹਰ ਕੰਮ ਵਿੱਚ ਭਾਵੇਂ ਉਹ ਧਰਮਕ ਹੋਵੇ ਜਾਂ ਦੁਨੀਆਵੀ ਮਨੁੱਖ ਦੀ ਨਜ਼ਰ ਕੇਵਲ ਇਕ ਰੱਬ ਵੱਲ ਹੀ ਉੱਠੇ । ਸੋ, ਬੇਸ਼ਕ ਆਪਣੀ ਥਾਂ ਸਾਰੇ ਚੰਗੇ ਵਾਕ ਉਮਦਾ ਤੇ ਸੋਹਣੇ ਮਾਟੋ ਹਨ ਪਰ ਪੂਰਨ ਇਕ ਈਸ਼ਵਰਵਾਦੀ ਬਣਨ ਲਈ ਜ਼ਰੂਰੀ ਹੈ ਕਿ ਮਨੁੱਖ ਦੀ ਦ੍ਰਿਸ਼ਟੀ ਵਿੱਚੋਂ ਹਰ ਇਕ ਚੀਜ਼ ਗ਼ਾਇਬ ਹੋ ਜਾਵੇ ਅਤੇ ਕੇਵਲ ਰੱਬ ਤੋਂ ਬਿਨਾਂ ਉਸ ਲਈ ਹਰ ਚੀਜ਼ ਉਕੱਾ ਹੀ ਮੁੱਕ ਜਾਵੇ । ਇਸ ਲਈ ਹਕੀਕੀ ਮਾਟੋ ( لاالہ الااللہ محمد الرسول اللہ) 'ਲਾ ਇਲਾਹਾ ਇਲਲੱਾਹੁ ਮੁਹਮੱਦੁਰ ਰਸੂਲਲੱਾਹਿ' ਹੀ ਹੈ । ਜਿਸ ਵਿੱਚ ਸਾਰੀਆਂ ਨੇਕੀਆਂ ਇਕਤੱਰ ਹੋ ਜਾਂਦੀਆਂ ਹਨ । ਅਤੇ ਤੌਹੀਦ ਨੂੰ ਸਮਝਣ ਲਈ ਜੋ ਔਕੁੜਾਂ ਹਨ ਉਹਨਾਂ ਦਾ ਹਲੱ ਵੀ ਸਾਨੂੰ ਇੱਥੇ ਹੀ ਦੱਸਿਆ ਗਿਆ ਹੈ । ਦਿਕੱਤਾਂ (ਔਕੁੜਾਂ) ਦੂਰ ਕਰਨ ਲਈ ਕੋਈ ਨਮੂਨਾ ਹੋਣਾ ਚਾਹੀਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਪਵਿਤੱਰ ਨਮੂਨਾ ਸਾਡੇ ਸਾਹਮਣੇ ਹੈ ਜਿਸ ਨੂੰ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਇਕ ਵਾਕ ਵਿੱਚ ਇਉਂ ਬਿਆਨ ਕੀਤਾ ਸੀ ਕਿ (کان خلقہ القران) 'ਕਾਨਾ ਖ਼ੁਲੁਕੁਹੁਲ ਕੁਰਆਨ' ਇਸ ਵਾਕ ਵਿੱਚ ਤੌਹੀਦ ਦਾ ਉਚੱਤਮ ਮਿਆਰ ਵੀ ਬਿਆਨ ਹੋ ਗਿਆ, ਕੁਰਆਨ

ਕਰੀਮ ਦੇ ਆਦੇਸ਼ਾਂ ਦਾ ਅਮਲੀ ਨਮੂਨੇ ਦਾ ਮਿਆਰ ਵੀ ਕਾਇਮ ਹੋ ਗਿਆ ਅਤੇ ਆਦੇਸ਼ਾਂ ਦਾ ਵਿਸਥਾਰ ਵੀ ਸਾਹਮਣੇ ਆਗਿਆ । ਇਸ ਲਈ ਜਿਸ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਸਮਝ ਲਿਆ ਉਸ ਨੇ ਖ਼ੁਦਾ ਤਆਲਾ ਨੂੰ ਸਮਝ ਲਿਆ ਅਤੇ ਜਿਸ ਨੇ ਖ਼ੁਦਾ ਤਆਲਾ ਨੂੰ ਸਮਝ ਲਿਆ ਉਸ ਨੇ ਸਭ ਕੁਝ ਹੀ ਸਮਝ ਲਿਆ ਕਿਉਂਕਿ ਸ਼ਿਰਕ ਹੀ ਸਾਰੀਆਂ ਬੁਰਾਈਆਂ, ਗ਼ਫ਼ਲਤਾਂ ਤੇ ਪਾਪਾਂ ਦੀ ਜੱੜ੍ਹ ਹੈ । ਤੌਹੀਦ ਉਪੱਰ ਕਾਇਮ ਹੋਣ ਬਾਦ ਮਨੁੱਖ ਵਿੱਚ ਉਚੱ ਆਚਰਣ, ਗਿਆਨ, ਸੱਭਿਅਤਾ, ਰਾਜਨੀਤੀ ਅਤੇ ਹੋਰਨਾ ਗੁਣਾ ਵਿੱਚ ਪ੍ਰਪਕਤਾ ਸਭ ਕੁਝ ਆ ਜਾਂਦਾ ਹੈ ਕਿਉਂਕਿ ਰੱਬ ਦਾ ਨੂਰ ਇਕ ਅਮ੍ਰਿਤ ਹੈ ਜਿਸ ਵਿੱਚ ਸਾਰੇ ਰੋਗਾਂ ਦਾ ਇਲਾਜ ਹੈ । ਇਸ ਲਈ ਸਾਡਾ ਮਾਟੋ ਜੋ ਰੱਬ ਨੇ ਆਪ ਨਿਧਾਰਤ ਕੀਤਾ ਹੈ ਉਹ 'ਲਾ ਇਲਾਹਾ ਇਲਲੱਾਹੁ' ਹੈ ਬਾਕੀ ਸਾਰੇ ਵਿਸਥਾਰ ਹਨ ਜੋ ਨਸੀਹਤ ਦੇ ਰੂਪ ਵਿੱਚ ਕੰਮ ਆ ਸਕਦੇ ਹਨ । ਇਸ ਯੁੱਗ ਵਿੱਚ ਕਿਉਂਕਿ ਦਜੱਾਲ ਆਪਣੀਆਂ ਸਾਰੀਆਂ ਸ਼ਕਤੀਆਂ ਨਾਲ ਦੁਨੀਆ ਵਿੱਚ ਪ੍ਰਗਟ ਹੋਇਆ ਹੈ ਅਤੇ ਉਸ ਦਾ ਉਦੇਸ਼ ਇਹ ਹੈ ਕਿ ਮੈਂ ਦੁਨੀਆ ਨੂੰ ਧਰਮ ਉਪੱਰ ਪ੍ਰਾਥਮਕ ਰੱਖਾਂਗਾ । ਇਹ ਦਜੱਾਲ ਦਾ ਉਦੇਸ਼ ਹੈ ਕਿ ਦੁਨੀਆ ਨੂੰ ਧਰਮ ਉਪੱਰ ਪਹਿਲ ਦੇਣੀ ਹੈ ਇਸ ਲਈ ਸਾਡਾ ਫ਼ਰਜ਼ ਹੈ ਕਿ ਇਸ ਦੇ ਟਾਕਰੇ'ਤੇ ਅਸੀਂ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਕ ਰੱਖਣ ਦਾ ਨਾਰਾ ਲਾਈਏ । ਇਸ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਵੀ ਬੈਅਤ ਦੀਆਂ ਸ਼ਰਤਾਂ ਵਿੱਚ ਇਹ ਵਾਕ ਸ਼ਾਮਲ ਕੀਤਾ ਹੈ ਜਿਸ ਦਾ ਅਰਥ ਇਹੋ ਹੈ ਕਿ ਅਸੀਂ ਆਪਣੇ ਉਪੱਰ ਧਰਮ ਦੀ ਸਿੱਖਿਆ ਨੂੰ ਲਾਗੂ ਰੱਖਾਂਗੇ ਅਤੇ ਹਰ ਵਿਰੋਧੀ ਦੇ ਇਤਰਾਜ਼ ਦੇ ਟਾਕਰੇ'ਤੇ ਇਸਲਾਮ ਦਾ ਸੁੰਦਰ ਚਿਹਰਾ ਦਿਖਾਵਾਂਗੇ ਅਤੇ ਇਹ ਸਭ ਇਸ ਲਈਹੈ ਕਿ ਅਸੀਂ (لاالہ الااللہ محمد الرسول اللہ) ਲਾ ਇਲਾਹਾ ਇਲਲੱਾਹੁ ਮੁਹਮੱਦੁਰ ਰਸੂਲਲੱਾਹਿ ਨੂੰ ਦੁਨੀਆ ਵਿੱਚ ਕਾਇਮ ਕਰਨ ਵਾਲੇ ਬਣਨ । ਅਸੀਂ ਇਸ ਯੁੱਗ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਇਸ ਉਦੇਸ਼ ਦੀ ਪ੍ਰਾਪਤੀ ਲਈ ਕੀਤੀ ਹੈ । ਹਜ਼ਰਤ ਮਸੀਹ ਮੁਊਦ ਅਲੈਹਿ ਸਲਾਮ ਨੂੰ ਰੱਬ ਨੇ ਇਲਹਾਮ ਰਾਹੀਂ ਇਹ ਫ਼ਰਮਾਇਆ ਸੀ ਕਿ ( خذوا التوحید التوحید یا ابناء الفارس۔) ਹੇ ਅਬਨਾਏ ਫ਼ਾਰਸ ਤੌਹੀਦ ਨੂੰ ਮਜ਼ਬੂਤੀ ਨਾਲ ਫੜੋ । ਅਬਨਾਏ ਫ਼ਾਰਸ ਤੋਂ ਭਾਵ ਕੇਵਲ ਆਪ ਦਾ ਪਰਿਵਾਰ ਹੀ ਨਹੀਂ ਸਗੋਂ ਸਾਰੀ ਜਮਾਤ ਰੂਹਾਨੀ ਪੱਖੋਂ ਅਬਨਾਏ ਫ਼ਾਰਸ ਹੇਠ ਆਉਂਦੀ ਹੈ ਅਤੇ ਇਹ ਹੁਕਮ ਸਾਰੀ ਜਮਾਤ ਲਈ ਹੈ । ਇਹ ਨੀਯਮ ਹੈ ਕਿ ਔਕੁੜ ਸਮੇਂ ਮਨੁੱਖ ਕਿਸੇ ਵਿਸ਼ੇਸ਼ ਚੀਜ਼ ਨੂੰ ਫੜਦਾ ਹੈ । ਫ਼ਰਮਾਇਆ ਤੁਸੀਂ ਔਕੁੜ ਸਮੇਂ ਤੌਹੀਦ ਨੂੰ ਫੜ ਲਿਆ ਕਰੋ ਕਿ ਇਸ ਅੰਦਰ ਬਾਕੀ ਸਾਰੀਆਂ ਚੀਜਾਂ ਹਨ । ਇਸ ਲਈ ਸਾਡੀ ਜਮਾਤ ਦਾ ਫ਼ਰਜ਼ ਹੈ ਕਿ ਉਹ 'ਲਾ ਇਲਾਹਾ ਇਲਲਾਹੁ' ਦੇ ਮਾਟੋ ਨੂੰ ਹਰ ਸਮੇਂ ਆਪਣੇ ਸਾਹਮਣੇ ਰੱਖਣ । ਅੱਜ ਜੱਦ ਕਿ ਸ਼ਿਰਕ ਦੇ ਨਾਲ ਨਾਸਤਿਕਤਾ ਵੀ ਬਹੁਤ ਤੇਜ਼ੀ ਨਾਲ ਫੈਲ ਰਹੀ ਹੈ ਸਗੋਂ ਨਾਸਤਿਕਤਾ ਵੀ ਇਕ ਪ੍ਰਕਾਰ ਦਾ ਸ਼ਿਰਕ ਹੈ ਜਾਂ ਸ਼ਿਰਕ ਨਾਸਤਿਕਤਾ ਦੀ ਇਕ ਕਿਸਮ ਹੈ । ਅਸੀਂ ਆਪਣੇ ਆਪਨੂੰ ਇਕ ਨਾਰੇ ਉਪੱਰ ਸੀਮਤ ਕਰਕੇ ਅਤੇ ਉਸ ਉਪੱਰ ਭਰੋਸਾ ਕਰਕੇ ਆਪਣੀ ਦੁਨੀਆ ਤੇ ਆਖ਼ਰਤ ਸੁਧਾਰਣ ਵਾਲੇ ਨਹੀਂ ਬਣ ਸਕਦੇ । ਨ ਹੀ ਅਸੀਂ ਮਨੁੱਖਤਾ ਦੀ ਸੇਵਾ ਵਿਚਾਰ ਵਿੱਚ ਆਪਣੀਆਂ ਨਮਾਜ਼ਾਂ ਤੇ ਇਬਾਦਤਾਂ ਨੂੰ ਛੱਡ ਸਕਦੇ ਹਾਂ । ਜੋ ਅਜਿਹਾ ਕਰਦਾ ਹੈ ਜਾਂ ਕਹਿੰਦਾ ਹੈ ਉਸਦਾ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਕੋਈ ਸੰਬੰਧ ਨਹੀਂ । ਇਸ ਲਈ ਸਾਹਨੂੰ ਆਪਣੇ ਟੀਚੇ ਅਤੇ ਉਦੇਸ਼ ਨੂੰ ਸਦਾ ਆਪਣੇ ਸਾਹਮਣੇ ਰੱਖਣ ਦੀ ਲੋੜ ਹੈ ਤਾਂ ਜੋ ਅਸੀਂ ਸਾਰੇ ਧਾਰਮਕ ਤੇ ਸੰਸਾਰਕ ਉਪਹਾਰ ਪ੍ਰਾਪਤ ਕਰਨ ਵਾਲੇ ਬਣ ਸਕੀਏ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਸਚੱਾਈ ਨੂੰ ਸਮਝਣ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।